File No.1/358/2022-SEDU3 ·2022/04

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਮੋਹਾਲੀ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।

ਮਿਤੀ, ਚੰਡੀਗੜ੍ਹ: 15/11/22

ਵਿਸ਼ਾ:- ਸੀ.ਬੀ.ਐਸ.ਈ./ਆਈ.ਸੀ.ਐਸ.ਈ. ਬੋਰਡ ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜਹੀਣਤਾ ਸਰਟੀਫਿਕੇਟ ਵਾਸਤੇ ਜਮ੍ਹਾ ਕਰਵਾਏ ਜਾਂਦੇ ਰਿਜ਼ਰਵ ਫੰਡ ਸਬੰਧੀ।

*******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2 ਮਾਨਯੋਗ ਹਾਈਕੋਰਟ ਵੱਲੋਂ CWP 17967 of 2022 ਵਿੱਚ ਹੁਕਮ ਮਿਤੀ 17.08.2022 ਰਾਹੀਂ ਸਰਕਾਰ ਦੇ ਪੱਤਰ ਮਿਤੀ 19.08.2022 ਵਿੱਚ ਰਿਜ਼ਰਵ ਫੰਡ ਲੈਣ ਤੇ ਸਟੇਅ ਲਗਾਈ ਗਈ ਹੈ। ਇਸ ਸਬੰਧੀ ਦਫਤਰ ਐਡਵੋਕੇਟ ਜਨਰਲ ਪੰਜਾਬ ਦੀ ਰਾਇ ਅਨੁਸਾਰ ਸਰਕਾਰ ਵੱਲੋਂ ਇਹ ਫੈਸਲਾ ਗਿਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਐਨ.ਓ.ਸੀ. ਲਈ ਕੇਸ ਬਿਨ੍ਹਾ ਰਿਜ਼ਰਵ ਫੰਡ ਜਮ੍ਹਾ ਕਰਵਾਏ ਪ੍ਰੋਸੈਸ ਕੀਤੇ ਜਾਣ ਅਤੇ ਜਿਹੜੇ ਸਕੂਲ ਆਪਣੀ ਮਰਜੀ ਨਾਲ ਰਿਜ਼ਰਵ ਫੰਡ ਜਮ੍ਹਾ ਕਰਵਾ ਕੇ ਇਤਰਾਜਹੀਣਤਾ ਸਰਟੀਫਿਕੇਟ ਲੈਣ ਦੇ ਇਛੁੱਕ ਹਨ, ਉਹਨਾਂ ਸਕੂਲਾਂ ਦੇ ਕੇਸ ਵੀ ਪ੍ਰੋਸੈਸ ਕੀਤੇ ਜਾਣ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਸਕੂਲਾਂ ਵੱਲੋਂ ਰਿਜ਼ਰਵ ਫੰਡ ਬਿਨ੍ਹਾਂ ਜਮ੍ਹਾ ਕਰਵਾਏ ਐਨ.ਓ.ਸੀ. ਪ੍ਰਾਪਤ ਕੀਤੀ ਜਾਂਦੀ ਹੈ, ਉਹਨਾਂ ਤੇ ਮਾਨਯੋਗ ਹਾਈਕੋਰਟ ਵੱਲੋਂ ਉਕਤ ਰਿਟ ਪਟੀਸ਼ਨ ਵਿੱਚ ਕੀਤੇ ਹੁਕਮ ਲਾਗੂ ਹੋਣਗੇ।

15.11.22

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ